# ਪਟਿਆਲਾ ਸ਼ਹਿਰੀ ਯੋਜਨਾਬੰਦੀ ਤੇ ਵਿਕਾਸ ਅਥਾਰਟੀ ਪਟਿਆਲਾ

ਵੱਲ

ਜਿਲ੍ਹਾਂ ਕੰਟਰੋਲਰ,
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ,
ਪਟਿਆਲਾ।

NOTARY
GULBIR SINGH SEHGAL
ADVOCATE & Notary Public
Distt Patiala (Pb.) India
Regd No. 3177
GOVT. OF INDIA

ਮੀਮੋ ਨੰ:ਪੀ.ਡੀ.ਏ-ਵਮੁਪ੍ਰ-ਸ-1-(P-3457)2017/ 8781
ਮਿਤੀ:- 18/7/17-

ਵਿਸ਼ਾ:- ਐਨ.ਓ.ਸੀ. ਜਾਰੀ ਕਰਨ ਬਾਰੇ (ਮੈਸ: ਏਸਰ ਆਇਲ ਐਡ ਗੈਸ, ਮੁਹਾਲੀ ਵੱਲੋ ਪਿੰਡ ਬਹਾਦਰ ਪੁਰ ਫਕੀਰਾਂ (ਨੇੜੇ ਦੇਵੀਗੜ੍ਹ) ਤਹਿਸੀਲ ਦੁਧਨਸਾਧਾਂ ਜਿਲ੍ਹਾਂ ਪਟਿਆਲਾ ।

ਹਵਾਲਾ: ਆਪ ਦੇ ਦਫਤਰ ਦਾ ਪੱਤਰ ਨੰ: ਨਿ:ਪੈਟ੍ਰ-17/4571 ਮਿਤੀ 16-6-2017

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਸਬੰਧੀ ਇਸ ਦਫਤਰ ਦੇ ਫੀਲਡ ਸਟਾਫ ਅਤੇ ਏ.ਟੀ.ਪੀ. ਦੀ ਰਿਪੋਰਟ ਅਨੁਸਾਰ ਸਾਈਟ ਪਟਿਆਲਾ-ਪਹੇਵਾ ਰੋਡ ਤੇ ਪਿੰਡ ਬਹਾਦੁਰ ਫਕੀਰਾਂ ਦੀ ਰੈਵੀਨਿਊ ਅਸਟੇਟ ਵਿੱਚ ਪੈਂਦੀ ਹੈ।ਮੌਕੇ ਤੇ ਪੁਰਾਣੀ ਉਸਾਰੀ ਕੀਤੀ ਹੋਈ ਹੈ । ਪ੍ਰਾਰਥੀ ਨੇ ਸਾਈਟ ਸਬੰਧੀ ਪ੍ਰਵਾਨਗੀ ਜਿਲ੍ਹਾਂ ਨਗਰ ਯੋਜਨਾਂਕਰ, ਪਟਿਆਲਾ ਤੋਂ ਪ੍ਰਾਪਤ ਕੀਤੀ ਹੋਈ ਹੈ।ਸਾਈਟ ਦਾ ਬਿਲਡਿੰਗ ਪਲਾਨ ਸਬੰਧਤ ਵਿਭਾਗਾਂ ਤੋ ਪ੍ਰਵਾਨ ਕੀਤਾ ਹੋਇਆ ਹੈ।ਸਾਈਟ ਪਟਿਆਲਾ-ਪਹੇਵਾ ਸਟੇਟ ਹਾਈਵੇ ਤੇ ਪੈਂਦੀ ਹੈ, ਜੋ ਕਿ ਸਡਿਊਲ ਰੋਡ ਨਹੀ ਹੈ ਇਸ ਲਈ ਅਸੈਸ ਟੂ ਰੋਡ ਸਬੰਧੀ ਫੀਸ ਨਹੀ ਲੈਣੀ ਬਣਦੀ ਹੈ। ਪ੍ਰਾਰਥੀ ਨੂੰ ਸਾਈਟ ਤੇ ਪੰਪ ਲਗਾਉਣ ਲਈ ਹੇਠ ਲਿਖੀਆਂ ਸ਼ਰਤਾਂ ਤਹਿਤ ਐਨ.ਓ.ਸੀ. ਜਾਰੀ ਕੀਤਾ ਜਾ ਸਕਦਾ ਹੈ:-

1 ਪ੍ਰਾਰਥੀ ਜਿਲ੍ਹਾਂ ਨਗਰ ਯੋਜਨਾਂਕਾਰ ਪਟਿਆਲਾ ਵੱਲੋ ਜਾਰੀ ਐਨ.ਓ.ਸੀ. ਦੀਆ ਸਰਤਾਂ ਨੂੰ ਮੰਨਣ ਦਾ ਪਾਬੰਦ ਹੋਵੇਗਾ।

2 ਪ੍ਰਾਰਥੀ ਕਾਰਜਕਾਰੀ ਇੰਜੀਨੀਅਰ (ਬੀ ਐਡ ਆਰ) ਵੱਲੋ ਪ੍ਰਵਾਨਤ ਬਿਲਡਿੰਗ ਪਲਾਨ ਦੀਆ ਸਰਤਾਂ ਨੂੰ ਮੰਨਣ ਦਾ ਪਾਬੰਦ ਹੋਵੇਗਾ।

3 ਪ੍ਰਾਰਥੀ ਸਾਈਟ ਸਬੰਧੀ ਐਕਸਪਲੋਸਿਵ ਵਿਭਾਗ ਵੱਲੋ ਐਨ.ਓ.ਸੀ./ਪ੍ਰਵਾਨਗੀ ਪ੍ਰਾਪਤ ਕਰਨ ਦਾ ਪਾਬੰਦ ਹੋਵੇਗਾ।

4 ਬਿਨੈਕਾਰ ਨੂੰ ਮਾਸਟਰ ਪਲਾਨ ਪਟਿਆਲਾ ਦੀਆਂ ਤਜਵੀਜਾਂ ਅਨੁਸਾਰ ਆਪਣੀ ਜ਼ਮੀਨ ਦਾ ਸੀ.ਐਲ.ਯੂ. ਕਰਵਾਉਣ ਲਈ ਪਾਬੰਦ ਕੀਤਾ ਜਾਵੇ।

5 ਜੇਕਰ ਭਵਿੱਖ ਵਿੱਚ ਇਹ ਸੜਕ ਚੌੜੀ ਕਰਨ ਸਬੰਧੀ ਤਜਵੀਜ਼ੀ ਸਾਈਟ ਦੇ ਅੱਗੇ ਪਈ ਜਗ੍ਹਾਂ ਪੀ.ਡਬਲਿਊ.ਡੀ.(ਬੀ.ਐਡ.ਆਰ) ਵਿਭਾਗ ਵੱਲੋ ਐਕੁਆਇਰ ਕੀਤੀ ਜਾਂਦੀ ਹੈ ਤਾਂ ਬਿਨੈਕਾਰ ਨੂੰ ਕੋਈ ਇਤਰਾਜ ਨਹੀਂ ਹੋਵੇਗਾ।

6 ਬਿਨੈਕਾਰ ਜੰਗਲਾਤ ਵਿਭਾਗ ਅਤੇ ਪੀ.ਡਬਲਿਊ.ਡੀ(ਬੀ.ਐਡ.ਆਰ) ਤੋ ਮੰਜ਼ੂਰੀ ਵੱਖਰੇ ਤੌਰ ਤੇ ਲੈਣ ਦਾ ਪਾਬੰਦ ਹੋਵੇਗਾ। ਇਨ੍ਹਾਂ ਵਿਭਾਗਾਂ ਵੱਲੋ ਮੰਨਜ਼ੂਰੀ ਮਿਲਣ ਉਪਰੰਤ ਹੀ ਬਿਨੈਕਾਰ ਮੌਕੇ ਤੇ ਉਸਾਰੀ ਕਰਨ ਦਾ ਪਾਬੰਦ ਹੋਵੇਗਾ।

7 ਜੇਕਰ ਪ੍ਰਾਰਥੀ ਸਾਈਟ ਦੇ ਰਕਬੇ ਵਿੱਚ ਵਾਧਾ ਕਰੇਗਾ ਤਾਂ ਉਸ ਜਗ੍ਹਾਂ ਦੀ ਸਮਰੱਥ ਅਧਿਕਾਰੀ ਵੱਲੋ ਪ੍ਰਵਾਨਗੀ ਪ੍ਰਾਪਤ ਕਰੇਗਾ।

ਜੇਕਰ ਬਿਨੈਕਾਰ ਵੱਲੋ ਉਕਤ ਦਰਸਾਈਆਂ ਸ਼ਰਤਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਸ ਵਿਭਾਗ ਵੱਲੋ ਜਾਰੀ ਕੀਤੀ ਪ੍ਰਵਾਨਗੀ ਬਿਨ੍ਹਾਂ ਕੋਈ ਮੌਕਾ ਦਿੱਤੇ ਰੱਦ ਕਰ ਦਿੱਤੀ ਜਾਵੇਗੀ ।

Attested to be Photo Copy of the Original
NOTARY Govt. of India
Distt PATIALA (Pb)
18 SEP 2017

18/9
ਵਧੀਕ ਮੁੱਖ ਪ੍ਰਸ਼ਾਸ਼ਕ

For ESSAR OIL LTD.
Authorized Signatory